# ਮਾਂ ਦਾ ਦੁੱਧ ਤੁਹਾਡੇ ਬੱਚੇ ਦੀ ਮਦਦ ਕਿਵੇਂ ਕਰਦਾ ਹੈ?

ਇਹ, ਕੁੱਖ ਦੇ ਬਾਹਰ, ਤੁਹਾਡੇ ਬੱਚੇ ਦੇ ਵਿਕਾਸ ਲਈ ਮਦਦ ਕਰਦਾ ਹੈ| ਇਹ ਕੁਦਰਤੀ ਵਿਕਾਸ ਹੈ| ਸ਼ੁਰੂ ਦੇ ਗਾੜ੍ਹੇ ਦੁੱਧ (ਪਹਿਲਾ ਦੁੱਧ) ਅਤੇ ਮਾਂ ਦੇ ਦੁੱਧ ਵਿਚ, ਤੁਹਾਡੇ ਬੱਚੇ ਦੇ ਵਿਕਾਸ ਅਤੇ ਰੱਖਿਆ ਲਈ, ਸਾਰੇ ਲੋੜੀਂਦੇ ਪੌਸ਼ਟਿਕ ਤੱਤ ਸਹੀ ਮਾਤਰਾ ਵਿਚ ਹੁੰਦੇ ਹਨ| ਇਹ ਅਤਿ ਉੱਤਮ ਖੁਰਾਕ ਅਤੇ ਦਵਾ ਹੈ ਜੋ ਤੁਸੀਂ ਆਪਣੇ ਅਨਮੋਲ ਬੱਚੇ ਨੂੰ ਦੇ ਸਕਦੇ ਹੋ|

ਇਹ ਤੁਹਾਡੇ ਬੱਚੇ ਨੂੰ ੩੨% ਜ਼ਿਆਦਾ ਦਿਮਾਗੀ ਤਾਕਤ ਦਿੰਦਾ ਹੈ ਜੋ ਯਾਦਦਾਸ਼ਤ, ਬੋਲਣ ਅਤੇ ਸੋਚਣ-ਸਮਝਣ ਦੀ ਸਮਰਥਾ ਨੂੰ ਸੁਧਾਰਦਾ ਹੈ|

ਇਹ ਬਚਪਨ ਵਿਚ ਹੋ ਜਾਣ ਵਾਲੇ ਕੈਂਸਰ, ਬੱਚੇ ਦੀ ਅਚਨਚੇਤ ਮੌਤ, ਸ਼ੂਗਰ ਦੀ ਬੀਮਾਰੀ ਅਤੇ ਮੋਟਾਪੇ ਦੇ ਖ਼ਤਰੇ ਨੂੰ ਵੀ ਘਟਾਉਂਦਾ ਹੈ|

ਇਸ ਵਿੱਚ ਦਸ ਗੁਣਾਂ ਜ਼ਿਆਦਾ ਵਿਟਾਮਿਨ ਹਨ, ਜੋ ਅੱਖਾਂ ਦੀ ਨਜ਼ਰ ਸੁਧਾਰਦੇ ਹਨ ਜਿਸ ਕਾਰਣ ਉਹ ਬੇਹਤਰ ਦੇਖਦੀਆਂ ਹਨ|

ਇਹ ਕੰਨਾਂ ਦੀ ਇਨਫੈਕਸ਼ਨ ਘਟਾਉਂਦਾ ਹੈ ਜਿਸ ਕਾਰਣ ਉਹ ਬੇਹਤਰ ਸੁਣਦੇ ਹਨ|



ਨਮੂਨੀਆ ਅਤੇ ਛਾਤੀ ਦੀ ਇਨੱਫੈਕਸ਼ਨ ਦਾ ਮੁਕਾਬਲਾ ਕਰਨ ਲਈ, ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਦੀ ਇਮਿਊਨ ਪ੍ਰਣਾਲੀ ਦੁੱਗਣੀ ਤਾਕਤਵੱਰ ਹੁੰਦੀ ਹੈ, ਜਿਸ ਕਾਰਣ ਉਹਨਾਂ ਵਿਚ ਇਨਫੈਕਸ਼ਨ ਦੀ ਦਰ ਫ਼ਾਰਮੂਲਾ-ਦੁੱਧ ਪੀਣ ਵਾਲੇ ਬੱਚਿਆਂ ਨਾਲੋਂ ੭੪% ਘੱਟ ਹੁੰਦੀ ਹੈ|

ਇਹ ਜੀਵਾਣੂਆਂ/ਰੋਗਾਣੂਆਂ ਨੂੰ ਸਰੀਰ ਵਿਚ ਦਾਖਲ ਹੋਣ ਤੋਂ ਰੋਕਦਾ ਹੈ ਜਿਸ ਕਾਰਣ ਪੇਟ ਦੀ ਬੀਮਾਰੀ(ਫਲੂ)ਅਤੇ ਦਸਤ ਲੱਗਣ ਵਿਚ ੬੪% ਦੀ ਕਮੀ ਆਉਂਦੀ ਹੈ|

ਤੁਹਾਡੇ ਬੱਚੇ ਦਾ, ਤੁਹਾਡੇ ਸਰੀਰ ਦੇ ਅੰਦਰ, ਬਹੁਤ ਵਧੀਆ ਵਿਕਾਸ ਹੋਇਆ ਹੈ, ਤੇ ਹੁਣ ਬਾਹਰ, ਤੁਹਾਡੀ ਛਾਤੀ ਦਾ ਦੁੱਧ ਤੁਹਾਡੇ ਬੱਚੇ ਦਾ ਵਿਕਾਸ ਅਤੇ ਸੁਰੱਖਿਆ ਕਰੇਗਾ| ਇਹ ਕੁਦਰਤੀ ਤੌਰ ਤੇ ਆਉਂਦਾ ਦੁੱਧ, ਮਨੁੱਖ ਦੁਆਰਾ ਬਣਾਈ ਫ਼ਾਰਮੂਲਾ-ਦੁੱਧ ਦੀ ਵਿਧੀ ਤੋਂ ਬਹੁਤੱ ਹੀ ਉੱਤਮ ਹੈ| ਇਸ ਦੀ ਕੋਈ ਬਰਾਬਰੀ ਨਹੀਂ|

Guelph Paediatricians




ਇਹ ਦਸਤਾਵੇਜ਼ ਓਨਟਾਰੀਓ ਸਰਕਾਰ ਵੱਲੋਂ ਦਿੱਤੇ ਗਏ ਫ਼ੰਡ, ਹੈਲਥ ਨੇਕਸਸ ਦੇ ਬੈਸ੍ਟ ਸ੍ਟਾਰ੍ਟ ਰੀਸੋਰਸ ਸੈਂਟਰ ਅਤੇ ਜੈਕਲੀਨ ਏ. ਸੈਨ ਵਿਟੋ, ਆਰ ਐਨ, ਬੀ ਐਸ ਸੀ ਐਨ ਬੈਸ੍ਟ ਸ੍ਟਾਰ੍ਟ ਪ੍ਰੋਜੈਕਟ ਲੀਡ, ਗ੍ਵਅਲਫ਼ ਜਨਰਲ ਹਸਪਤਾਲ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ |

Graphic design provided by Auburn Larose at Wellington-Dufferin-Guelph Public Health.

GUELPH GENERAL HOSPITAL

PublicHealth WELLINGTON-DUFFERIN-GUELPH Stay Well.

# ਛਾਤੀ ਦਾ ਦੁੱਧ ਚੁੰਘਾਉਣਾ

## ਆਪਣੇ ਬੱਚੇ ਨੂੰ ਵਧਣ-ਫੁੱਲਣ ਲਈ ਮੱਦਦ ਦੇਵੋ



Baby Jia